ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,

ਵਣ ਭਵਨ, ਸੈਕਟਰ-68, ਮੋਹਾਲੀ।

## <u>ਪਬਲਿਕ ਨੋਟਿਸ</u>

1. ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ.04 ਆਫ਼ 2025 ਰਾਹੀਂ **<u>ਸੀਨੀਅਰ ਸਹਾਇਕ</u>** ਗਰੁੱਪ-ਬੀ ਦੀਆਂ ਅਸਾਮੀਆਂ ਸਿੱਧੀ ਭਰਤੀਆਂ ਲਈ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। **ਸੀਨੀਅਰ ਸਹਾਇਕ,** ਗਰੁੱਪ-ਬੀ ਦੀਆਂ ਅਸਾਮੀਆਂ ਲਈ ਤਕਨੀਕੀ ਕਾਰਨਾਂ ਕਰਕੇ ਉਮੀਦਵਾਰਾਂ ਵੱਲੋਂ ਗਰੁੱਪ-ਸੀ ਲਈ ਨਿਰਧਾਰਿਤ ਫੀਸ ਭਾਵ 200 ਰੁਪਏ ਦੀ ਹੀ ਅਦਾਇਗੀ ਹੋਈ ਹੈ, ਜਦੋਂ ਕਿ ਇਸ਼ਤਿਹਾਰ ਵਿੱਚ ਸੀਨੀਅਰ ਸਹਾਇਕ ਗਰੁੱਪ-ਬੀ ਦੀ ਅਸਾਮੀ ਲਈ ਫੀਸ 500 ਰੁਪਏ ਨਿਰਧਾਰਿਤ ਕੀਤੀ ਗਈ ਸੀ।
2. ਪੰਜਾਬ ਰਾਜ ਵਿੱਚ ਹੜ੍ਹਾਂ ਦੀ ਸਥਿਤੀ ਅਤੇ ਉਮੀਦਵਾਰਾਂ ਵੱਲੋਂ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਨੂੰ ਮੁੱਖ ਰੱਖਦੇ ਹੋਏ ਇਸ਼ਤਿਹਾਰ ਨੰ.04 ਆਫ਼ 2025 ਵਿੱਚ ਕੇਵਲ **<u>ਸੀਨੀਅਰ ਸਹਾਇਕ</u>** ਦੀ ਅਸਾਮੀ ਲਈ ਮਿਤੀ 17.09.2025 ਤੋਂ ਮਿਤੀ 22.09.2025 ਤੱਕ ਬਾਕੀ 300 ਰੁਪਏ ਫੀਸ ਦੀ ਅਦਾਇਗੀ ਕਰਨ ਲਈ ਆਨ-ਲਾਈਨ ਪੋਰਟਲ ਖੋਲ੍ਹਿਆ ਗਿਆ ਹੈ। **<u>ਗਰੁੱਪ-ਬੀ ਸੀਨੀਅਰ ਸਹਾਇਕ</u>** ਦੀਆਂ ਅਸਾਮੀਆਂ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਬਾਕੀ ਰਹਿੰਦੀ 300 ਰੁਪਏ ਫੀਸ ਦੀ ਅਦਾਇਗੀ ਮਿਤੀ 17.09.2025 ਤੋਂ ਲੈ ਕੇ ਮਿਤੀ 22.09.2025 ਤੱਕ ਕਰ ਸਕਦੇ ਹਨ, ਜੇਕਰ ਕਿਸੇ ਉਮੀਦਵਾਰ ਵੱਲੋਂ ਫੀਸ ਦੀ ਪੂਰੀ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਉਸ ਉਮੀਦਵਾਰ ਨੂੰ ਇਸ ਅਸਾਮੀ ਦੀ ਹੋਣ ਵਾਲੀ ਅਗਲੀ ਚੋਣ ਪ੍ਰੀਕਿਰਿਆ ਲਈ ਵਿਚਾਰਿਆ ਨਹੀਂ ਜਾਵੇਗਾ।
3. ਉਮੀਦਵਾਰ ਇਸ ਇਸ਼ਤਿਹਾਰ ਦੀ ਤਾਜ਼ਾ ਜਾਣਕਾਰੀ ਲਈ ਬੋਰਡ ਦੀ ਵੈੱਬਸਾਈਟ ਸਮੇਂ-ਸਮੇਂ ਤੇ ਚੈੱਕ ਕਰਦੇ ਰਹਿਣ।

ਮਿਤੀ: 15 .09.2025

-ਸਹੀ-

ਸਹਾਇਕ ਡਾਇਰੈਕਟਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ